# PUNJAB VIDHAN SABHA

## DEBATES

Friday, the 3rd March, 2023

# SIXTEENTH VIDHAN SABHA

(FOURTH SESSION)

(Sitting No. 1)

# OFFICIAL REPORT



**PUNJAB VIDHAN SABHA SECRETARIAT**

**CHANDIGARH-160001**

Price : Rs. ____________

# CONTENTS


| Sr. No. | Subject | Page No. |
|---|---|---|
| 1 | Obituary references | 1 |
| 2. | Appendix - 1 (Bulletin No. 1) | (i-ii) |

# PUNJAB VIDHAN SABHA

**ਸਰਦਾਰ ਕੁਲਤਾਰ ਸਿੰਘ ਸੰਧਵਾਂ, ਮਾਨਯੋਗ ਸਪੀਕਰ**

**ਸਰਦਾਰ ਜੈ ਕ੍ਰਿਸ਼ਨ ਸਿੰਘ, ਮਾਨਯੋਗ ਡਿਪਟੀ ਸਪੀਕਰ**

**ਸ਼੍ਰੀ ਸੁਰਿੰਦਰ ਪਾਲ, ਸਕੱਤਰ**

**Sardar Kultar Singh Sandhwan, Hon'ble Speaker**

**Sardar Jai Krishan Singh, Hon'ble Deputy Speaker**

**Shri Surinder Pal, Secretary**

# ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ: | ਨਾਮ | ਵਿਭਾਗ |
|---|---|---|
| 1. | ਸ਼੍ਰੀ ਭਗਵੰਤ ਮਾਨ<br>ਮੁੱਖ ਮੰਤਰੀ<br>Shri Bhagwant Mann<br>Chief Minister | ਆਮ ਪ੍ਰਸ਼ਾਸਨ<br>ਗ੍ਰਹਿ ਮਾਮਲੇ ਅਤੇ ਨਿਆਂ<br>ਪ੍ਰਸੋਨਲ<br>ਚੌਕਸੀ<br>ਸਹਿਕਾਰਤਾ<br>ਉਦਯੋਗ ਤੇ ਕਮਰਸ<br>ਰੁਜ਼ਗਾਰ ਉਤਪਤੀ ਤੇ ਟ੍ਰੇਨਿੰਗ<br>ਜੇਲ੍ਹਾਂ<br>ਕਾਨੂੰਨੀ ਤੇ ਵਿਧਾਨਕ ਮਾਮਲੇ<br>ਸ਼ਹਿਰੀ ਹਵਾਬਾਜ਼ੀ |
| 2. | ਸਰਦਾਰ ਹਰਪਾਲ ਸਿੰਘ ਚੀਮਾ<br>Sardar Harpal Singh Cheema | ਵਿੱਤ<br>ਯੋਜਨਾ<br>ਪ੍ਰੋਗਰਾਮ ਲਾਗੂਕਰਨ<br>ਕਰ ਤੇ ਆਬਕਾਰੀ |
| 3. | ਸ਼੍ਰੀ ਅਮਨ ਅਰੋੜਾ<br>Shri Aman Arora | ਸੂਚਨਾ ਤੇ ਲੋਕ ਸੰਪਰਕ<br>ਨਵ ਤੇ ਨਵਿਆਉਣਯੋਗ<br>ਊਰਜਾ ਸਰੋਤ<br>ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ<br>ਛਪਾਈ ਤੇ ਲਿਖਣ ਸਮੱਗਰੀ |
| 4. | ਡਾਕਟਰ ਬਲਜੀਤ ਕੌਰ<br>Doctor Baljit Kaur | ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ, ਸਮਾਜਿਕ ਸੁਰੱਖਿਆ ਮਹਿਲਾ ਅਤੇ ਬਾਲ ਵਿਕਾਸ |

| ਕ੍ਰਮ ਨੰ: | ਨਾਮ | ਵਿਭਾਗ |
|---|---|---|
| 5. | ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ<br>Shri Gurmeet Singh Meet Hayer | ਪ੍ਰਸ਼ਾਸਕੀ ਸੁਧਾਰ<br>ਜਲ ਸਰੋਤ<br>ਭੂਮੀ ਖਣਨ ਤੇ ਭੂ-ਵਿਗਿਆਨ<br>ਸਾਇੰਸ, ਤਕਨਾਲੋਜੀ ਤੇ ਵਾਤਾਵਰਨ<br>ਖੇਡਾਂ ਤੇ ਯੁਵਕ ਮਾਮਲੇ |
| 6. | ਸਰਦਾਰ ਕੁਲਦੀਪ ਸਿੰਘ ਧਾਲੀਵਾਲ<br>Sardar Kuldeep Singh Dhaliwal | ਦਿਹਾਤੀ ਵਿਕਾਸ ਤੇ ਪੰਚਾਇਤਾਂ<br>ਐਨ.ਆਰ.ਆਈ. ਮਾਮਲੇ<br>ਖੇਤੀਬਾੜੀ ਤੇ ਕਿਸਾਨ ਭਲਾਈ |
| 7. | ਡਾਕਟਰ ਬਲਬੀਰ ਸਿੰਘ<br>Doctor Balbir Singh | ਸਿਹਤ ਅਤੇ ਪਰਿਵਾਰ ਭਲਾਈ<br>ਡਾਕਟਰੀ ਸਿੱਖਿਆ ਤੇ ਖੋਜ<br>ਚੋਣਾਂ |
| 8. | ਸ਼੍ਰੀ ਬ੍ਰਮ ਸ਼ੰਕਰ<br>Shri Bram Shanker | ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ<br>ਜਲ ਸਪਲਾਈ ਤੇ ਸੈਨੀਟੇਸ਼ਨ |
| 9. | ਸ਼੍ਰੀ ਲਾਲ ਚੰਦ<br>Shri Lal Chand | ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ<br>ਜੰਗਲਾਤ ਤੇ ਜੰਗਲੀ ਜੀਵ |
| 10. | ਡਾਕਟਰ ਇੰਦਰਬੀਰ ਸਿੰਘ ਨਿੱਜਰ<br>Doctor Inderbir Singh Nijjar | ਸਥਾਨਕ ਸਰਕਾਰ<br>ਸੰਸਦੀ ਮਾਮਲੇ<br>ਭੂਮੀ ਤੇ ਜਲ ਸੰਭਾਲ<br>ਪ੍ਰਸ਼ਾਸਨਿਕ ਸੁਧਾਰ |
| 11. | ਸ਼੍ਰੀ ਲਾਲਜੀਤ ਸਿੰਘ ਭੁੱਲਰ<br>Shri Laljit Singh Bhullar | ਟਰਾਂਸਪੋਰਟ<br>ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ |

| **ਕ੍ਰਮ ਨੰ:** | **ਨਾਮ** | **ਵਿਭਾਗ** |
|---|---|---|
| 12. | ਸਰਦਾਰ ਹਰਜੋਤ ਸਿੰਘ ਬੈਂਸ<br>Sardar Harjot Singh Bains | ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ<br>ਉਚੇਰੀ ਸਿੱਖਿਆ<br>ਸਕੂਲ ਸਿੱਖਿਆ |
| 13. | ਸਰਦਾਰ ਹਰਭਜਨ ਸਿੰਘ<br>Sardar Harbhajan Singh | ਲੋਕ ਨਿਰਮਾਣ (ਭ ਤੇ ਮ)<br>ਊਰਜਾ |
| 14. | ਸਰਦਾਰ ਚੇਤਨ ਸਿੰਘ ਜੋੜਾਮਾਜਰਾ<br>Sardar Chetan Singh Jouramajra | ਸੁਤੰਤਰਤਾ ਸੈਨਾਨੀ<br>ਰੱਖਿਆ ਸੇਵਾਵਾਂ ਭਲਾਈ<br>ਫੂਡ ਪ੍ਰੋਸੈਸਿੰਗ<br>ਬਾਗਬਾਨੀ |
| 15. | ਮਿਸ ਅਨਮੋਲ ਗਗਨ ਮਾਨ<br>Miss Anmol Gagan Mann | ਸੈਰ ਸਪਾਟਾ ਤੇ ਸਭਿਆਚਾਰਕ ਮਾਮਲੇ<br>ਨਿਵੇਸ਼ ਪ੍ਰੋਤਸਾਹਨ<br>ਕਿਰਤ<br>ਸ਼ਿਕਾਇਤ ਨਿਵਾਰਨ<br>ਪ੍ਰਾਹੁਣਾਚਾਰੀ |

## PUNJAB VIDHAN SABHA

*Friday, the 3rd March, 2023*

T*he Vidhan Sabha met in the Punjab Vidhan Sabha Hall, Vidhan Bhavan, Sector 1, Chandigarh at 2.00 P.M. Mr. Speaker (Sardar Kultar Singh Sandhwan) in the Chair.*

-------------

## OBITUARY REFERENCES

**ਮਾਨਯੋਗ ਸਪੀਕਰ:** ਅਕਾਲ ਚਲਾਣਿਆਂ ਦਾ ਵਰਨਣ। ਵਿਧਾਨ ਸਭਾ ਦੇ ਪਿਛਲੇ ਸਮਾਗਮ ਤੋਂ ਅੱਜ ਤੱਕ ਦੇ ਸਮੇਂ ਦੌਰਾਨ ਕਈ ਸਤਿਕਾਰਯੋਗ ਸ਼ਖਸੀਅਤਾਂ ਸਾਡੇ ਤੋਂ ਵਿਛੜ ਗਈਆਂ ਹਨ। ਅਸੀਂ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਇਕੱਤਰ ਹੋਏ ਹਾਂ।

ਕੁਝ ਅਜਿਹੀਆਂ ਹੀ ਸ਼ਖਸੀਅਤਾਂ, ਜੋ ਆਪਣੇ ਜੀਵਨ ਨੂੰ ਕੌਮ ਦੇ ਲੇਖੇ ਲਾ ਕੇ, ਸਮਾਜ ਅਤੇ ਦੇਸ਼ ਦੀ ਸੇਵਾ ਵਿਚ ਵੱਡਮੁੱਲਾ ਯੋਗਦਾਨ ਪਾਉਂਦੇ ਹੋਏ ਸਾਨੂੰ ਸਦੀਵੀ ਵਿਛੋੜਾ ਦੇ ਗਈਆਂ ਹਨ। ਆਓ, ਉਨ੍ਹਾਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਆਪਣੀ ਸ਼ਰਧਾਂਜਲੀ ਭੇਂਟ ਕਰੀਏ।

ਚੌਧਰੀ ਸੰਤੋਖ ਸਿੰਘ, ਭਾਰਤੀ ਸੰਸਦ ਦੇ ਲੋਕ ਸਭਾ ਮੈਂਬਰ ਸਾਨੂੰ ਮਿਤੀ 14 ਜਨਵਰੀ, 2023 ਨੂੰ ਸਦੀਵੀ ਵਿਛੋੜਾ ਦੇ ਗਏ ਹਨ, ਉਨ੍ਹਾਂ ਦਾ ਜਨਮ ਮਿਤੀ 18 ਜੂਨ, 1946 ਨੂੰ ਧਾਲੀਵਾਲ, ਜ਼ਿਲ੍ਹਾ ਜਲੰਧਰ ਵਿਖੇ ਹੋਇਆ ਸੀ। ਉਹ ਲੋਕ ਸਭਾ ਹਲਕਾ ਜਲੰਧਰ ਤੋਂ ਮੌਜੂਦਾ ਸੰਸਦ ਮੈਂਬਰ ਸਨ। ਉਨ੍ਹਾਂ ਨੇ ਪੰਜਾਬ ਦੇ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ, ਸਮਾਜਿਕ ਸੁਰੱਖਿਆ ਅਤੇ ਮਹਿਲਾ ਤੇ ਬਾਲ ਵਿਕਾਸ ਵਿਭਾਗ, ਸਮਾਜ ਭਲਾਈ ਵਿਭਾਗ ਅਤੇ ਡਾਕਟਰੀ ਸਿੱਖਿਆ ਤੇ ਖੋਜ ਵਿਭਾਗ ਦੇ ਮੰਤਰੀ ਵਜੋਂ ਵੀ ਸੇਵਾਵਾਂ ਨਿਭਾਈਆਂ। ਇਸ ਤੋਂ ਇਲਾਵਾ ਉਹ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੇ ਰਾਜ ਮੰਤਰੀ ਵੀ ਰਹੇ ਅਤੇ ਉਨ੍ਹਾਂ ਨੇ ਪੰਜਾਬ ਦੇ ਦਿਹਾਤੀ ਵਿਕਾਸ ਤੇ ਪੰਚਾਇਤਾਂ ਵਿਭਾਗ, ਸੰਸਦੀ ਮਾਮਲੇ ਵਿਭਾਗ ਅਤੇ ਬਿਜਲੀ ਵਿਭਾਗ ਦੇ ਮੁੱਖ ਸੰਸਦੀ ਸਕੱਤਰ ਵਜੋਂ ਵੀ ਸੇਵਾਵਾਂ ਨਿਭਾਈਆਂ। ਉਹ ਸਾਲ 1992 ਅਤੇ 2002 ਵਿੱਚ ਪੰਜਾਬ ਵਿਧਾਨ ਸਭਾ ਦੇ ਹਲਕਾ ਫਿਲੌਰ ਤੋਂ ਵਿਧਾਇਕ ਚੁਣੇ ਗਏ ਸਨ। ਉਨ੍ਹਾਂ ਨੇ ਪੰਜਾਬ ਵਿਧਾਨ ਸਭਾ ਦੀ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ ਅਤੇ ਅਧੀਨ ਵਿਧਾਨ ਕਮੇਟੀ ਦੇ ਚੇਅਰਮੈਨ

ਵਜੋਂ ਵੀ ਸੇਵਾਵਾਂ ਨਿਭਾਈਆਂ।ਉਹ ਲੋਕ ਸਭਾ ਦੀਆਂ ਵੱਖ-ਵੱਖ ਕਮੇਟੀਆਂ ਦੇ ਮੈਂਬਰ ਵੀ ਰਹੇ। ਉਹ ਸਾਲ 2012-2014 ਦੌਰਾਨ ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ ਦੇ ਮੈਂਬਰ ਵੀ ਰਹੇ।

ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ, ਸਾਬਕਾ ਮੰਤਰੀ ਵੀ ਸਾਨੂੰ ਮਿਤੀ 13 ਦਸੰਬਰ, 2022 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 8 ਨਵੰਬਰ, 1937 ਨੂੰ ਸਿੰਗਾਪੁਰ ਵਿਖੇ ਹੋਇਆ। ਉਹ ਪੰਜਾਬ ਦੇ ਦਿਹਾਤੀ ਵਿਕਾਸ ਤੇ ਪੰਚਾਇਤਾਂ, ਚੋਣਾਂ ਅਤੇ ਸਹਿਕਾਰਤਾ ਵਿਭਾਗ ਦੇ ਮੰਤਰੀ ਰਹੇ। ਉਹ ਹਲਕਾ ਖਡੂਰ ਸਾਹਿਬ ਤੋਂ ਲੋਕ ਸਭਾ ਦੇ ਮੈਂਬਰ ਵੀ ਰਹੇ ਅਤੇ ਸਾਲ 1977, 1997, 2002 ਅਤੇ 2007 ਵਿੱਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਵਜੋਂ ਚੁਣੇ ਗਏ ਸਨ। ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਜਨਰਲ ਸਕੱਤਰ ਵਜੋਂ ਵੀ ਸੇਵਾਵਾਂ ਨਿਭਾਈਆਂ। ਉਨ੍ਹਾਂ ਨੇ ਪੰਜਾਬ ਵਿਧਾਨ ਸਭਾ ਦੀਆਂ ਵੱਖ ਵੱਖ ਕਮੇਟੀਆਂ ਦੇ ਮੈਂਬਰ ਵਜੋਂ ਵੀ ਸੇਵਾ ਨਿਭਾਈ।

ਸ਼੍ਰੀ ਨਰੇਸ਼ ਠਾਕੁਰ, ਸਾਬਕਾ ਮੰਤਰੀ ਅਤੇ ਇਸ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਵੀ ਸਾਨੂੰ ਮਿਤੀ 2 ਜਨਵਰੀ, 2023 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 18 ਜੂਨ, 1945 ਨੂੰ ਹੁਸ਼ਿਆਰਪੁਰ ਵਿਖੇ ਹੋਇਆ ਸੀ। ਉਹ ਸਾਲ 1992 ਵਿੱਚ ਵਿਧਾਨ ਸਭਾ ਹਲਕਾ, ਹੁਸ਼ਿਆਰਪੁਰ ਤੋਂ ਵਿਧਾਇਕ ਚੁਣੇ ਗਏ ਸਨ। ਉਨ੍ਹਾਂ ਨੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਵਜੋਂ ਅਤੇ ਪੰਜਾਬ ਸਰਕਾਰ ਵਿੱਚ ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਰਾਜ ਮੰਤਰੀ ਵਜੋਂ ਵੀ ਸੇਵਾਵਾਂ ਨਿਭਾਈਆਂ।

ਸ਼੍ਰੀ ਬਾਬੂ ਰਾਮ ਚਾਵਲਾ, ਸਾਬਕਾ ਮੰਤਰੀ ਵੀ ਸਾਨੂੰ ਮਿਤੀ 19 ਫਰਵਰੀ, 2023 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 24 ਅਕਤੂਬਰ, 1942 ਨੂੰ ਅਬੋਹਰ ਵਿਖੇ ਹੋਇਆ। ਉਹ ਸਾਲ 1992 ਵਿੱਚ ਹਲਕਾ ਬੱਲੂਆਣਾ ਤੋਂ ਵਿਧਾਇਕ ਚੁਣੇ ਗਏ ਸਨ, ਉਹ ਪੰਜਾਬ ਸਰਕਾਰ ਵਿੱਚ ਮੰਤਰੀ ਵੀ ਰਹੇ।

ਸਰਦਾਰ ਮਲਕੀਅਤ ਸਿੰਘ, ਸਾਬਕਾ ਵਿਧਾਇਕ ਵੀ ਸਾਨੂੰ ਮਿਤੀ 13 ਜਨਵਰੀ, 2023 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 1 ਮਾਰਚ, 1946 ਨੂੰ ਪਿੰਡ ਨੌਸ਼ਹਿਰਾ ਪੰਨੂਆ, ਜ਼ਿਲ੍ਹਾ ਤਰਨ ਤਾਰਨ ਵਿਖੇ ਹੋਇਆ ਸੀ। ਉਹ ਸਾਲ 2007 ਵਿੱਚ ਵਿਧਾਨ ਸਭਾ ਹਲਕਾ ਜੰਡਿਆਲਾ ਤੋਂ ਵਿਧਾਇਕ ਚੁਣੇ ਗਏ

ਸਨ। ਉਨ੍ਹਾਂ ਨੇ ਪੰਜਾਬ ਵਿਧਾਨ ਸਭਾ ਦੀਆਂ ਵੱਖ-ਵੱਖ ਕਮੇਟੀਆਂ ਦੇ ਮੈਂਬਰ ਵਜੋਂ ਅਤੇ ਸਹਿਕਾਰਤਾ ਵਿਭਾਗ ਵਿੱਚ ਸਹਾਇਕ ਰਜਿਸਟਰਾਰ ਵਜੋਂ ਵੀ ਸੇਵਾਵਾਂ ਨਿਭਾਈਆਂ।

ਸ਼੍ਰੀ ਪ੍ਰੀਤਮ ਸਿੰਘ, ਸੁਤੰਤਰਤਾ ਸੰਗਰਾਮੀ ਵੀ ਸਾਨੂੰ ਮਿਤੀ 16 ਨਵੰਬਰ, 2022 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 1 ਜਨਵਰੀ, 1933 ਨੂੰ ਚੱਕ ਨੰਬਰ 445, ਤਹਿਸੀਲ ਸਮੁੰਦਰੀ, ਜ਼ਿਲ੍ਹਾ ਲਹਿਲਪੁਰੀ, ਪਾਕਿਸਤਾਨ ਵਿੱਚ ਹੋਇਆ ਸੀ। ਉਨ੍ਹਾਂ ਨੇ ਭਾਰਤ ਛੱਡੋ ਅੰਦੋਲਨ ਵਿੱਚ ਭਾਗ ਲਿਆ ਸੀ ਅਤੇ ਆਪਣੀ ਲਗਨ, ਮਿਹਨਤ ਅਤੇ ਕੁਰਬਾਨੀ ਸਦਕਾ ਹਿੰਦੁਸਤਾਨ ਨੂੰ ਅਜ਼ਾਦ ਕਰਵਾਉਣ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਇਆ ਜਿਸ ਦਾ ਨਤੀਜਾ ਹੈ ਕਿ ਅੱਜ ਅਸੀਂ ਉਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਮਿਲੀ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ ਅਤੇ ਉਨ੍ਹਾਂ ਨੂੰ ਕਦੇ ਵੀ ਭੁਲਾ ਨਹੀਂ ਸਕਦੇ।

ਇਨ੍ਹਾਂ ਤੋਂ ਇਲਾਵਾ ਸਰਦਾਰ ਨਿਰੰਜਨ ਸਿੰਘ ਪਰਵਾਨਾ, ਪੱਤਰਕਾਰ ਵੀ ਸਾਨੂੰ ਮਿਤੀ 6 ਜਨਵਰੀ, 2023 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 8 ਜੂਨ, 1937 ਨੂੰ ਸਰਗੋਧਾ, ਪਾਕਿਸਤਾਨ ਵਿਖੇ ਹੋਇਆ ਸੀ। ਉਨ੍ਹਾਂ ਨੇ ਲੰਬਾ ਸਮਾਂ ਪੱਤਰਕਾਰੀ ਦੇ ਖੇਤਰ ਵਿੱਚ ਵੱਖ ਵੱਖ ਅਦਾਰਿਆਂ ਵਿੱਚ ਆਪਣੀਆਂ ਸੇਵਾਵਾਂ ਨਿਭਾਈਆਂ।

ਇਨ੍ਹਾਂ ਸਭਨਾਂ ਦੇ ਚਲੇ ਜਾਣ ਨਾਲ ਦੇਸ਼, ਰਾਜ ਅਤੇ ਸਾਨੂੰ ਨਾ ਪੂਰਿਆ ਜਾਣ ਵਾਲਾ ਵੱਡਾ ਘਾਟਾ ਪਿਆ ਹੈ ਅਤੇ ਅਸੀਂ ਉਨ੍ਹਾਂ ਦੀਆਂ ਵੱਡਮੁੱਲੀਆਂ ਸੇਵਾਵਾਂ ਤੋਂ ਵਾਂਝੇ ਹੋ ਗਏ ਹਾਂ। ਸਾਨੂੰ ਯਤਨ ਕਰਨਾ ਚਾਹੀਦਾ ਹੈ ਕਿ ਇਨ੍ਹਾਂ ਵਿਛੜੀਆਂ ਸ਼ਖ਼ਸੀਅਤਾਂ ਦੇ ਪਦ-ਚਿੰਨ੍ਹਾਂ ਤੇ ਚਲਦੇ ਹੋਏ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਰਹੀਏ। ਇਹੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

**ਸ਼੍ਰੀ ਅਵਤਾਰ ਸਿੰਘ ਜੂਨੀਅਰ :** ਸਪੀਕਰ ਸਾਹਿਬ, ਕੁਝ ਦਿਨ ਪਹਿਲਾਂ ਸੀਰੀਆ ਅਤੇ ਤੁਰਕੀ ਵਿੱਚ ਭੂਚਾਲ ਆਇਆ ਸੀ, ਉਥੇ ਲਗਭਗ 50,000 ਤੋਂ ਵੱਧ ਜਾਨਾਂ ਫੌਤ ਹੋਈਆਂ। ਅਗਰ ਉਨ੍ਹਾਂ ਨੂੰ ਵੀ ਇਸ ਸੂਚੀ ਵਿੱਚ ਇਨਕਲੂਡ ਕਰ ਲਈਏ ਅਤੇ ਉਨ੍ਹਾਂ ਦੀਆਂ ਜਿਹੜੀਆਂ ਅੰਬੈਸੀਜ਼ (ਦੂਤਾਵਾਸ) ਆਪਣੇ ਦੇਸ਼ ਵਿੱਚ ਸਥਿਤ ਹਨ, ਉਨ੍ਹਾਂ ਨੂੰ ਇਹ ਸ਼ੋਕ ਪੱਤਰ ਭੇਜ ਸਕੀਏ, ਤੁਹਾਡਾ ਬਹੁਤ ਧੰਨਵਾਦ ਹੋਵੇਗਾ।

**ਮਾਨਯੋਗ ਸਪੀਕਰ :** ਧੰਨਵਾਦ। ਹਾਂ ਜੀ, ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ ਜੀ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ :** ਸਪੀਕਰ ਸਾਹਿਬ, ਸ਼੍ਰੀ ਰਵਿੰਦਰ ਸਿੰਘ ਲਿੱਤਰਾਂ, ਸ਼੍ਰੀ ਹਰਮਿੰਦਰ ਸਿੰਘ ਚਲੂਪੁਰ, ਸ਼੍ਰੀ ਬਲਧੀਰ ਸਿੰਘ ਰਾਮਗੜ੍ਹ ਅਤੇ ਸ਼੍ਰੀ ਝਿਰਮਲ ਸਿੰਘ ਗੋਰਸੀਆਂ, ਜੋ ਕਿ ਨਕੋਦਰ ਸਾਕੇ ਦੇ ਸ਼ਹੀਦ ਹਨ, ਉਹ ਮਿਤੀ 4 ਫਰਵਰੀ, 1986 ਨੂੰ ਸ਼ਹੀਦ ਕਰ ਦਿੱਤੇ ਗਏ ਸਨ। ਮੈਂ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਵੀ ਅੱਜ ਇੱਥੇ ਸ਼ਹੀਦ ਕਰਾਰ ਦੇ ਕੇ ਸ਼ਹੀਦੀ ਸ਼ੋਕ ਸੰਦੇਸ਼ ਉਨ੍ਹਾਂ ਦੇ ਘਰਾਂ ਦੇ ਵਿੱਚ ਭੇਜੇ ਜਾਣ।

**ਮਾਨਯੋਗ ਸਪੀਕਰ:** ਇਹ ਪੁਰਾਣੇ ਹਨ। ਹਾਂ ਜੀ, ਡਾਕਟਰ ਸਾਹਿਬ, ਤੁਸੀਂ ਕੁਝ ਕਹਿਣਾ ਚਾਹੋਗੇ?

**ਡਾਕਟਰ ਨਛੱਤਰ ਪਾਲ :** ਮਾਨਯੋਗ ਸਪੀਕਰ ਸਾਹਿਬ, ਮੈਂ ਵੀ ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ ਜੀ ਦੀ ਗੱਲ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ। ਸਪੀਕਰ ਸਾਹਿਬ, ਮਿਤੀ 15 ਜਨਵਰੀ, 1992 ਨੂੰ ਜਦੋਂ ਚੋਣਾਂ ਚਲ ਰਹੀਆਂ ਸੀ ਤਾਂ ਨੂਰਮਹਿਲ ਦੇ ਅੰਦਰ 9 ਲੋਕ ਸ਼ਹੀਦ ਕੀਤੇ ਗਏ ਸਨ, 5 ਅਸਵਾਲ ਵਾਂਗਰ ਵਿਖੇ ਅਤੇ 5 ਪਿੰਡ ਦਭਾਲੀ, ਜ਼ਿਲ੍ਹਾ ਮੋਹਾਲੀ ਦੇ ਅੰਦਰ ਲੋਕਤੰਤਰ ਦੀ ਬਹਾਲੀ ਲਈ ਵੀ ਸ਼ਹੀਦ ਹੋਏ। ਉਸ ਸਮੇਂ ਲੋਕਤੰਤਰ ਦੀ ਬਹਾਲੀ ਲਈ ਹਜ਼ਾਰਾਂ ਲੋਕ ਸ਼ਹੀਦ ਹੋਏ ਸੀ, ਸਾਨੂੰ ਉਨ੍ਹਾਂ ਨੂੰ ਵੀ ਸ਼ਰਧਾਂਜਲੀ ਦੇਣੀ ਚਾਹੀਦੀ ਹੈ। ਤੁਹਾਡਾ ਬਹੁਤ ਧੰਨਵਾਦ ਜੀ।

**ਮਾਨਯੋਗ ਸਪੀਕਰ:** ਅੱਜ ਦਾ ਜਿਹੜਾ ਇਹ ਸ਼ੋਕ ਪ੍ਰਸਤਾਵ ਸਮਾਗਮ ਹੈ, ਇਹ ਪਿਛਲੇ ਸੈਸ਼ਨ ਤੋਂ ਲੈ ਕੇ ਹੁਣ ਤੱਕ ਦੀਆਂ ਜਿਹੜੀਆਂ ਵਿਛੜੀਆਂ ਸ਼ਖ਼ਸੀਅਤਾਂ ਹਨ, ਉਨ੍ਹਾਂ ਪ੍ਰਤੀ ਸ਼ਰਧਾਂਜਲੀਆਂ ਦਾ ਵਰਨਣ ਹੈ। ਅਸੀਂ ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਇਨ੍ਹਾਂ ਵਿਛੜੀਆਂ ਸ਼ਖ਼ਸੀਅਤਾਂ ਦੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਚੜ੍ਹਦੀਕਲਾ ਵਿੱਚ ਰੱਖਣ ਅਤੇ ਭਾਣਾ ਮੰਨਣ ਦਾ ਬਲ ਬਖ਼ਸ਼ਣ।

ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸ਼ੋਕ ਪ੍ਰਸਤਾਵ ਸਾਰੀਆਂ ਵਿਛੜੀਆਂ ਸ਼ਖ਼ਸੀਅਤਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣਗੇ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

ਹੁਣ, ਮੈਂ ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਮੌਨ ਧਾਰਨ ਕਰਨ ਲਈ ਖੜ੍ਹੇ ਹੋਈਏ।

(ਇਸ ਸਮੇਂ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਵੱਲੋਂ ਵਿਛੜੀਆਂ ਸ਼ਖਸੀਅਤਾਂ ਦੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਖੜ੍ਹੇ ਹੋ ਕੇ ਦੋ ਮਿੰਟ ਦਾ ਮੌਨ ਧਾਰਨ ਕੀਤਾ ਗਿਆ।)

**ਮਾਨਯੋਗ ਸਪੀਕਰ:** ਹੁਣ ਸਦਨ ਸੋਮਵਾਰ, ਮਿਤੀ 6 ਮਾਰਚ, 2023 ਦੇ 10.00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੁੰਦਾ ਹੈ।

*2.09 ਵਜੇ ਬਾਅਦ ਦੁਪਹਿਰ) (ਇਸ* ਸਮੇਂ ਸਦਨ ਸੋਮਵਾਰ, ਮਿਤੀ 6 ਮਾਰਚ, 2023 ਦੇ 10.00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੋ ਗਿਆ।)

-----

## APPENDIX- I

## ਬੁਲੇਟਿਨ ਨੰ: 1

## ਸ਼ੁੱਕਰਵਾਰ, 03 ਮਾਰਚ, 2023

(02.00 ਵਜੇ ਬਾਅਦ ਦੁਪਹਿਰ ਤੋਂ 02.09 ਵਜੇ ਬਾਅਦ ਦੁਪਹਿਰ ਤੱਕ)

1. ਅਕਾਲ ਚਲਾਣਿਆਂ ਦਾ ਵਰਣਨ :-

    1. ਚੌਧਰੀ ਸੰਤੋਖ ਸਿੰਘ, ਲੋਕ ਸਭਾ ਮੈਂਬਰ;
    2. ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ, ਸਾਬਕਾ ਮੰਤਰੀ;
    3. ਸ਼੍ਰੀ ਨਰੇਸ਼ ਠਾਕੁਰ, ਸਾਬਕਾ ਮੰਤਰੀ;
    4. ਸ਼੍ਰੀ ਬਾਬੂ ਰਾਮ ਚਾਵਲਾ, ਸਾਬਕਾ ਮੰਤਰੀ;
    5. ਸਰਦਾਰ ਮਲਕੀਅਤ ਸਿੰਘ, ਸਾਬਕਾ ਵਿਧਾਇਕ;
    6. ਸ਼੍ਰੀ ਪ੍ਰੀਤਮ ਸਿੰਘ, ਸੁਤੰਤਰਤਾ ਸੰਗਰਾਮੀ; ਅਤੇ
    7. ਸਰਦਾਰ ਨਿਰੰਜਨ ਸਿੰਘ ਪਰਵਾਨਾ, ਪੱਤਰਕਾਰ।

ਮਾਨਯੋਗ ਸਪੀਕਰ ਵੱਲੋਂ ਉਪਰੋਕਤ ਵਰਣਿਤ ਮਹਾਨ ਸ਼ਖਸੀਅਤਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ ।

ਮਾਨਯੋਗ ਸਪੀਕਰ ਵੱਲੋਂ ਸਦਨ ਨੂੰ ਸੂਚਿਤ ਕੀਤਾ ਗਿਆ ਕਿ ਵਿਛੜੀਆਂ ਸ਼ਖਸੀਅਤਾਂ ਦੇ ਪਰਿਵਾਰਾਂ ਨੂੰ ਸ਼ੋਕ ਸੁਨੇਹੇ ਭੇਜ ਦਿੱਤੇ ਜਾਣਗੇ।

ਸਦਨ ਨੇ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਸਤਿਕਾਰ ਵਜੋਂ ਦੋ ਮਿੰਟ ਲਈ ਖੜ੍ਹੇ ਹੋ ਕੇ ਮੌਨ ਧਾਰਨ ਕੀਤਾ।

ਇਸ ਉਪਰੰਤ ਸਦਨ ਸਤਿਕਾਰ ਵਜੋਂ ਬਿਨਾਂ ਕੋਈ ਹੋਰ ਕੰਮ-ਕਾਰ ਕੀਤਿਆਂ ਸੋਮਵਾਰ, ਮਿਤੀ 06 ਮਾਰਚ, 2023 ਦੇ 10.00 ਵਜੇ ਸਵੇਰ ਤੱਕ ਸਥੱਗਿਤ ਹੋ ਗਿਆ।

-----

**Bulletin No. 1**

**Friday, the 3rd March, 2023**

**(From 02.00 P.M. to 02.09 P.M.)**

1. Obituary References:-

    1. Chaudhary Santokh Singh, Lok Sabha Member;
    2. Sardar Ranjit Singh Brahmpura, Ex-Minister;
    3. Shri Naresh Thakur, Ex-Minister;
    4. Shri Babu Ram Chawla, Ex-Minister;
    5. Sardar Malkiat Singh, Ex-M.L.A;
    6. Shri Pritam Singh, Freedom Fighter; and
    7. Sardar Niranjan Singh Parwana, Journalist.

The Hon'ble Speaker paid rich tributes to the aforesaid great personalities.

The Hon'ble Speaker informed the House that condolence messages would be sent to the bereaved families.

The House stood in silence for two minutes as a mark of respect in the memory of the departed souls.

The House then adjourned as a mark of respect without transacting any other business till 10.00 A.M. on Monday, the 6th March, 2023.

----

© 2023

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਪ੍ਰਿੰਟਿੰਗ ਸੈਂਟਰ, ਚੰਡੀਗੜ੍ਹ ਵਿਖੇ ਟਾਈਪਸੈੱਟ ਕਰਵਾ ਕੇ ਛਾਪੀ ਗਈ।